ਦਿਹਾਤੀ ਆਤਮ-ਹੱਤਿਆਵਾਂ ਸਬੰਧੀ ਕਾਰਵਾਈ ਦੀ ਸਮੀਖਿਆ

ਇੰਦਰਜੀਤ ਸਿੰਘ ਜੇਜੀ

ਇਸ ਸਾਲ ਫ਼ਰਵਰੀ ਵਿਚ ਪੰਜਾਬ ਸਰਕਾਰ ਨੇ ਕਰਜ਼ਿਆਂ ਕਾਰਣ ਆਤਮ-ਹੱਤਿਆ ਦੇ ਸ਼ਿਕਾਰ ਹੋਏ ਵਿਅੱਕਤੀਆਂ ਦੇ ਸੱਕੇ-ਸੰਬੰਧੀਆਂ ਅਤੇ ਰਿਸ਼ਤੇਦਾਰਾਂ ਨੂੰ ਵਾਇਦੇ ਅਨੁਸਾਰ ਮੁਆਵਜ਼ੇ/ਮੁੜਵਸੇਬੇ ਦੀ ਰਕਮ ਦੇਣੀ ਸ਼ੁਰੂ ਕਰ ਦਿੱਤੀ ਹੈ। ਆਤਮ-ਹੱਤਿਆ ਪੰਜਾਬ ਦੇ ਦਿਹਾਤੀ ਇਲਾਕਿਆਂ ਵਿਚ ਬਹੁਤ ਸੰਵੇਦਨਾਸ਼ੀਲ ਵਿਸ਼ਾ ਹੈ ਅਤੇ ਇਹ ਆਸ ਕੀਤੀ ਜਾਂਦੀ ਹੈ ਕਿ ਜੇ ਅਕਾਲੀਆਂ ਦੀ ਰਾਜ ਸਰਕਾਰ ਹੁਣ ਉਨ੍ਹਾਂ ਉਤਪੀੜਤਾਂ ਦੇ ਸੱਕੇ-ਸੰਬੰਧੀਆਂ ਨੂੰ ਮੁਆਵਜ਼ੇ ਅਤੇ ਮੁੜਵਸੇਬੇ ਨੂੰ ਫੁਰਤੀ ਨਾਲ ਸਿਰੇ ਚੜ੍ਹਾਉਣ ਲਈ ਸੁਚਾਰੂ ਰੂਪ ਨਾਲ ਕਾਰਵਾਈ ਕਰਦੀ ਹੈ ਤਾਂ ਇਹ ਪਾਰਟੀ ਦੀ ਮਾਨਤਾ ਨੂੰ ਮਜ਼ਬੂਤੀ ਨਾਲ ਵਧਾਇਗੀ। ਇਹ ਵੀ ਧਿਆਨਯੋਗ ਹੈ ਕਿ ਪਿੰਡਾਂ ਦੇ ਵਸਨੀਕ ਇਸ ਪ੍ਰੋਗਰਾਮ ਦੇ ਮਨਫ਼ੀ ਵਾਲੇ ਨੁਕਤਿਆਂ ਸਬੰਧੀ ਉਨੇ ਹੀ ਜਾਗਰੂਕ ਹਨ ਜਿੰਨੇ ਕਿ ਇਸਦੇ ਉਸਾਰੂ ਨੁਕਤਿਆਂ ਸਬੰਧੀ।

ਇਨ੍ਹਾਂ ਵਿਚੋਂ ਪਹਿਲਾ ਮਨਫ਼ੀ ਵਾਲਾ ਨੁਕਤਾ ਹੈ ਉਹ ਤਰੀਕਾ ਜਿਸ ਨਾਲ ਇਸ ਮੁਆਵਜ਼ੇ ਦੇ ਪਾਤਰ ਪਰਿਵਾਰਾਂ ਦੀ ਗਿਣਤੀ ਨਿਰਧਾਰਤ ਕੀਤੀ ਗਈ ਹੈ। ਸਾਰੇ ਰਾਜ ਵਿਚ ਸਰਵੇਖਣ ਤੋਂ ਬਾਅਦ (ਜਿਸ ਨੂੰ "ਗਣਨਾ" ਦਾ ਦਾ ਗ਼ਲਤ ਨਾਮ ਦਿੱਤਾ ਗਿਆ ਹੈ) ਸਾਲ 2000 ਤੋਂ 2011 ਤੱਕ ਕੇਸਿਜ਼ ਦੀ ਗਿਣਤੀ ਕਰਨ ਲਈ 6,476 ਆਤਮ-ਹੱਤਿਆਵਾਂ ਦੀ ਸੂਚੀ ਵਿਚੋਂ 4,687 ਕੇਸਿਜ਼ ਵਿਚ ਆਤਮ-ਹੱਤਿਆ ਨੂੰ ਕਰਜ਼ੇ ਨਾਲ ਸਬੰਧਤ ਕਰਾਰ ਦਿੱਤਾ ਗਿਆ ਹੈ। ਕਰਜ਼ੇ ਦੇ ਬੋਝ ਨੂੰ ਨਾ ਝੱਲਦੇ ਹੋਏ, ਪਰਿਵਾਰ ਦੇ ਰੋਜ਼ੀ-ਰੋਟੀ ਕਮਾਉਣ ਵਾਲੇ ਜੀਅ ਦੁਆਰਾ ਆਤਮ-ਹੱਤਿਆ ਦਾ ਰਾਹ ਅਪਨਾਉਣ ਕਾਰਣ ਸਖ਼ਤ ਤੰਗੀ ਕੱਟ ਰਹੇ ਪਰਿਵਾਰਾਂ ਦੀ ਗਿਣਤੀ 4,687 ਤੋਂ ਬਹੁਤ ਵੱਧ ਗਈ ਹੈ। ਸਰਕਾਰ ਦੁਆਰਾ ਇਸ ਕੰਮ ਤੇ ਲਗਾਈਆਂ ਗਈਆਂ ਕਈ ਇਕ ਏਜੰਸੀਆਂ ਦੁਆਰਾ ਸ਼ੁਰੂ ਵਿਚ ਦਿੱਤੀਆਂ ਗਈਆਂ ਰਿਪੋਰਟਾਂ ਅਨੁਸਾਰ ਇਨ੍ਹਾਂ ਆਤਮ-ਹੱਤਿਆਵਾਂ ਦੀ ਔਸਤਨ ਗਿਣਤੀ 2,000 ਪ੍ਰਤੀ ਸਾਲ ਬਣਦੀ ਹੈ। ਜਦ ਕਿ ਮਨੁੱਖੀ ਅਧਿਕਾਰ ਅਤੇ ਕਿਸਾਨ ਜੱਥੇਬੰਦੀਆਂ ਮੁਤਾਬਕ ਔਸਤਨ ਗਿਣਤੀ ਬਹੁਤ ਵਧੇਰੇ ਬਣਦੀ ਹੈ।

ਪਾਤਰਤਾ ਨਿਰਧਾਰਨ ਕਰਨ ਲਈ ਬਹੁਤ ਇਹਤਿਆਤ ਵਰਤਣ ਦੀ ਲੋੜ ਹੈ। ਕਰਜ਼ੇ ਸਬੰਧੀ ਜਾਣਕਾਰੀ ਅਮੂਮਨ ਆਤਮ-ਹੱਤਿਆ ਕਰਨ ਵਾਲੇ ਦੀ ਵਿਧਵਾ ਪਤਨੀ ਪਾਸੋਂ ਲਈ ਜਾਂਦੀ ਹੈ। ਜੇਕਰ ਉਸਦੇ ਪਤੀ ਨੇ ਕੋਈ ਕਰਜ਼ਾ ਲਿਆ ਹੋਇਆ ਹੋਵੇ, ਤਾਂ ਉਸਦੀ ਵਿਧਵਾ ਨੂੰ ਸ਼ਾਇਦ ਉਸ ਸਬੰਧੀ ਪਤਾ ਵੀ ਨਾ ਹੋਵੇ, ਜੇਕਰ ਉਸ ਨੂੰ ਇਸ ਦੀ ਕੋਈ ਜਾਣਕਾਰੀ ਹੋਵੇ ਵੀ, ਤਾਂ ਉਸ ਸਬੰਧੀ ਸਹੀ ਜਾਣਕਾਰੀ ਕਿ ਕਿੰਨੀ ਰਕਮ ਦਾ ਕਰਜ਼ਾ ਸੀ ਅਤੇ ਉਹ ਕਿਸ ਪਾਸੋਂ ਲਿਆ ਗਿਆ ਸੀ, ਬਾਰੇ ਪਤਾ ਨਹੀਂ ਹੁੰਦਾ। ਇਸ ਸਬੰਧੀ ਪੰਚਾਇਤ ਪਾਸੋਂ ਸਮੂਹਕ ਢੰਗ ਨਾਲ ਪ੍ਰਾਪਤ ਕੀਤੀ ਗਈ ਜਾਣਕਾਰੀ ਵਧੇਰੇ ਭਰੋਸੇਯੋਗ ਹੁੰਦੀ ਹੈ। ਸਮੁੱਚੀ ਪੰਚਾਇਤ ਦੀ ਹਾਜ਼ਰੀ ਵਿਚ ਕੀਤੀ ਗਈ ਪੜਤਾਲ ਨਾਲ ਪੜਤਾਲ ਕਰਨ ਵਾਲੇ ਵਿਅਕਤੀ ਉਪਰ ਸਰਪੰਚ ਦੀ ਕਿਸੇ ਪਾਰਟੀ ਜਾਂ ਗਰੁੱਪ ਪ੍ਰਤੀ ਸੰਭਾਵੀ ਵਫ਼ਾਦਾਰੀ ਤੋਂ ਵੀ ਸਪੱਸ਼ਟ ਬਚਾਅ ਹੁੰਦਾ ਹੈ।

ਬਠਿੰਡਾ ਅਤੇ ਸੰਗਰੂਰ - ਦੋਵੇਂ ਹੀ ਦਿਹਾਤੀ ਆਤਮ-ਹੱਤਿਆਵਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ, ਵਿਚ ਪਿੰਡਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਜ਼ਿਲ੍ਹਿਆਂ ਵਿਚ ਸੰਨ 2008 ਵਿਚ ਇਕ ਪਾਇਲਟ ਸਰਵੇਖਣ ਕਰਵਾਇਆ ਗਿਆ ਸੀ। ਹੋਰਨਾਂ ਜ਼ਿਲ੍ਹਿਆਂ ਵਾਸਤੇ ਅਜਿਹੇ ਸਰਵੇਖਣ ਦਾ ਅਰਸਾ ਸੰਨ 2000 ਤੋਂ 2011 ਲਿਆ ਗਿਆ। ਸੰਨ 2008 ਅਤੇ 2011 ਦੇ ਅਰਸੇ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਵਿਚ ਹੋਰ ਬਹੁਤ ਸਾਰੇ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਪਰ ਉਨ੍ਹਾਂ ਦੇ ਕੇਸਿਜ਼ ਸ਼ੁਮਾਰੀ ਵਿਚ ਨਹੀਂ ਲਏ ਗਏ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਜ਼ਿਲ੍ਹਿਆਂ ਵਿਚ ਵੀ ਰਾਜ ਦੇ ਬਾਕੀ ਜ਼ਿਲ੍ਹਿਆਂ ਵਾਂਗ ਸੰਨ 2011 ਤੱਕ ਦੀਆਂ ਆਤਮ-ਹੱਤਿਆਵਾਂ ਦੀ ਗਿਣਤੀ ਦਾ ਸ਼ੁਮਾਰ ਕਰਨ ਲਈ ਛੱਡੇ ਗਏ ਅਰਸੇ ਲਈ ਪੜਤਾਲ ਕਰਵਾਈ ਜਾਵੇ - ਅਤੇ ਇਹ ਦੂਜੀ ਪੜਤਾਲ ਘਰੋ-ਘਰੀਂ ਜਾ ਕੇ ਗਣਨਾ ਕਰਕੇ ਕਰਵਾਈ ਜਾਵੇ। ਇਸ ਤੋਂ ਵੀ ਬਿਹਤਰ ਇਹ ਹੋਵੇਗਾ ਕਿ ਸਾਰੇ ਰਾਜ ਵਿਚ ਸਹੀ ਤਰ੍ਹਾਂ ਗਣਨਾ ਦੁਬਾਰਾ ਕਰਵਾਈ ਜਾਵੇ, ਤਾਂ ਜੋ ਖ਼ੁਦਕੁਸ਼ੀਆਂ ਦੇ ਕੇਸਿਜ਼ ਮਿਤੀ-ਅੰਤ ਤਕ ਸ਼ੁਮਾਰ ਕੀਤੇ ਜਾ ਸਕਨ।

ਇਸ ਤੋਂ ਇਲਾਵਾ ਇਕ ਹੋਰ ਨੁਕਤਾ ਇਹ ਹੈ ਕਿ ਕਰਜ਼ਿਆਂ ਕਾਰਣ ਆਤਮ-ਹੱਤਿਆ ਦੇ ਸ਼ਿਕਾਰ ਹੋਏ ਵਿਅੱਕਤੀਆਂ ਦੇ ਸੱਕੇ-ਸੰਬੰਧੀਆਂ ਅਤੇ ਰਿਸ਼ਤੇਦਾਰਾਂ ਨੂੰ ਮੁਆਵਜ਼ਾ ਉਨ੍ਹਾਂ ਸਾਰੇ ਕੇਸਿਜ਼ ਵਿਚ ਵੀ ਦਿੱਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਵਿਚ ਗ੍ਰਾਮ ਪੰਚਾਇਤਾਂ ਨੇ ਸਰਕਾਰੀ ਸਰਵੇਖਣ ਤੋਂ ਪਹਿਲਾਂ ਸਰਕਾਰ ਨੂੰ ਹਲਫ਼ਨਾਮੇ ਸੌਂਪੇ ਸਨ।

ਇਹ ਤਾਂ ਬਹੁਤ ਪਹਿਲਾਂ ਹੀ, ਸੰਨ 1990 ਵਿਚ ਪੰਜਾਬ ਸਰਕਾਰ ਨੂੰ ਰਿਪੋਰਟਾਂ ਪ੍ਰਾਪਤ ਹੋਈਆਂ ਕਿ ਆਰਥਕ ਮੰਦਹਾਲੀ ਕਾਰਣ ਕਿਸਾਨ ਅਤੇ ਖੇਤ-ਮਜ਼ਦੂਰ ਆਪਣੀਆਂ ਜਾਨਾਂ ਲੈ ਰਹੇ ਹਨ। ਸਰਕਾਰ ਨੇ ਉਨ੍ਹਾਂ ਰਿਪੋਰਟਾਂ ਦੀ ਪੜਤਾਲ ਕਰਵਾਈ ਅਤੇ ਉਨ੍ਹਾਂ ਨੂੰ ਸਹੀ ਪਾਇਆ।ਇਸ ਤਰ੍ਹਾਂ ਪੰਜਾਬ ਦੇਸ਼ ਵਿਚ ਪਹਿਲਾ ਸੂਬਾ ਸੀ ਜਿਸ ਨੂੰ ਇਹ ਜਾਣਕਾਰੀ ਹਾਸਲ ਹੋਈ, ਐਪਰ, ਪੰਜਾਬ ਆਤਮ-ਹੱਤਿਆ ਦੇ ਸ਼ਿਕਾਰ ਪਰਿਵਾਰਾਂ ਦੇ ਮੁੜ-ਵਸੇਬੇ ਲਈ ਕੋਈ ਯਤਨ ਕਰਨ ਵਾਲਾ ਪਹਿਲਾ ਸੂਬਾ ਨਾ ਬਣਿਆ। ਦੱਖਣੀ ਰਾਜਾਂ ਨੇ ਇਸ ਸਬੰਧੀ ਬਹੁਤ ਪਹਿਲਾਂ ਪਹਿਲਕਦਮੀ ਕੀਤੀ ਅਤੇ ਮੁਆਵਜ਼ੇ ਲਈ ਪਾਤਰਤਾ ਲਈ ਸਾਲ 1995 ਨਿਰਧਾਰਤ ਕੀਤਾ। ਕੁਝ ਦੱਖਣੀ ਰਾਜਾਂ ਵਿਚ ਮੁਆਵਜ਼ਾ ਪੈਕੇਜਾਂ ਵਿਚ ਇਕ ਘਰ ਅਤੇ ਇਕ ਨੌਕਰੀ ਵੀ ਸ਼ਾਮਲ ਕੀਤੇ ਗਏ ਸਨ। ਪੰਜਾਬ ਨੇ ਤਾਂ ਜਾ ਕੇ ਕਿਤੇ ਸਾਲ 2001 ਵਿਚ ਸਰਕਾਰੀ ਤੌਰ ਤੇ ਦਿਹਾਤੀ ਆਤਮ-ਹੱਤਿਆਵਾਂ ਨੂੰ ਸਵੀਕਾਰਿਆ। ਉਸ ਸਾਲ ਵਿਚ, ਸ਼੍ਰੋਮਣੀ ਅਕਾਲੀ ਦਲ ਦੀ ਰਹਿਨੁਮਾਈ ਹੇਠ ਚਲ ਰਹੀ ਪੰਜਾਬ ਸਰਕਾਰ ਨੇ ਆਤਮ-ਹੱਤਿਆ ਦੇ ਸ਼ਿਕਾਰ ਹੋਏ ਵਿਅੱਕਤੀਆਂ ਦੇ ਸੱਕੇ-ਸੰਬੰਧੀਆਂ ਅਤੇ ਰਿਸ਼ਤੇਦਾਰਾਂ ਨੂੰ 2.5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਮਨਜ਼ੂਰੀ ਦਿੱਤੀ। (ਬਾਵਜੂਦ ਇਸਦੇ ਕਿ ਉਨ੍ਹਾਂ ਦੀ ਸਰਕਾਰ ਇਸ ਐਲਾਨ ਤੋਂ ਬਾਅਦ ਇਕ ਸਾਲ ਲਈ ਸੱਤਾ ਵਿਚ ਰਹੀ, ਇਹ ਰਕਮ ਵੰਡੀ ਨਾ ਗਈ।)

ਸ਼੍ਰੋਮਣੀ ਅਕਾਲੀ ਦਲ ਸਾਲ 2007 ਵਿਚ ਅਤੇ ਫ਼ਿਰ ਦੁਬਾਰਾ 2012 ਵਿਚ ਸੱਤਾ ਵਿਚ ਆਇਆ। ਰਾਜ ਦੇ ਸਾਲ 2012 ਦੇ ਬਜਟ ਵਿਚ ਕਰਜ਼ੇ ਨਾਲ ਸਬੰਧਤ ਆਤਮ-ਹੱਤਿਆਵਾਂ ਦੇ ਸ਼ਿਕਾਰ ਹੋਏ ਹਰੇਕ ਵਿਅਕਤੀ ਦੇ ਸੱਕੇ-ਸੰਬੰਧੀਆਂ ਨੂੰ 2 ਲੱਖ ਰੁਪਏ ਦੇਣ ਦੀ ਮਨਜ਼ੂਰੀ ਦਿੱਤੀ ਗਈ। ਦੂਜੇ ਲਫ਼ਜ਼ਾਂ ਵਿਚ, ਜਦੋਂ ਕਿ ਇਨ੍ਹਾਂ ਸਾਲਾਂ ਵਿਚ ਮਹਿੰਗਾਈ ਸਿਖਰਾਂ ਛੂਹ ਰਹੀ ਸੀ, ਸ਼੍ਰੋਮਣੀ ਅਕਾਲੀ

ਦਲ ਸਰਕਾਰ ਨੇ ਇਸ ਰਾਸ਼ੀ ਨੂੰ ਫ਼ੀ ਪ੍ਰਾਪਤ-ਕਰਤਾ ਘਟਾ ਦਿੱਤਾ। ਰਾਜ ਸਰਕਾਰ ਨੇ ਹੁਣ 2006 ਤਕ ਦੇ ਕੇਸਿਜ਼ ਲਈ 1 ਲੱਖ ਰੁਪਏ ਦੀ ਪਹਿਲੀ ਕਿਸ਼ਤ ਦੀ ਅਦਾਇਗੀ ਕਰ ਦਿੱਤੀ ਹੈ। ਬਕਾਇਆ ਰਕਮ ਦੀ ਅਦਾਇਗੀ ਅਗਲੇ ਸਾਲ ਕੀਤੀ ਜਾਵੇਗੀ। ਰਾਜ ਸਰਕਾਰ ਇਹ ਜਾਣਦੀ ਹੈ ਕਿ ਮਹਿੰਗਾਈ ਹਰ ਰੋਜ਼ ਬਕਾਏ ਦੀ ਰਕਮ ਨੂੰ ਖੋਰ ਰਹੀ ਹੈ, ਪਰ ਇਸ ਹਿਸਾਬ ਨੂੰ ਮਿਲਾਉਣ ਦਾ ਕਿਤੇ ਜ਼ਿਕਰ ਨਹੀਂ।

ਮੁਆਵਜ਼ੇ ਅਤੇ ਮੁੜ-ਵਸੇਬੇ ਦੀ ਸਿਫ਼ਾਰਸ਼ ਸੰਨ 2006 ਵਿਚ ਪੰਜਾਬ ਫ਼ਾਰਮਰਜ਼ ਕਮਿਸ਼ਨ ਰਿਪੋਰਟ ਤੋਂ ਪੈਦਾ ਹੋਈ ਸੀ। ਕਮਿਸ਼ਨ ਨੇ ਦਿਹਾਤੀ ਆਤਮ-ਹੱਤਿਆਵਾਂ ਦੇ ਸ਼ਿਕਾਰ ਹੋਏ ਵਿਅਕਤੀਆਂ ਦੇ ਸੱਕੇ-ਸੰਬੰਧੀਆਂ ਦੇ ਮੁੜ-ਵਸੇਬੇ ਲਈ 50,000 ਰੁਪਏ ਦੀ ਯਕਮੁਸ਼ਤ ਰਕਮ ਅਤੇ 1500 ਦੀ ਮਹੀਨੇਵਾਰ ਪੈਨਸ਼ਨ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਸਿਫ਼ਾਰਸ਼ ਨੂੰ ਨਕਾਰ ਦਿਤਾ। ਉਸ ਦੇ ਵਿਚਾਰ ਅਨੁਸਾਰ "2 ਲੱਖ ਰੁਪਏ ਦੇਣੇ ਚੰਗੇ ਲਗਦੇ ਹਨ"। ਰਾਜਨੀਤਕ ਨੁਕਤੇ ਨੂੰ ਧਿਆਨ ਵਿਚ ਰਖਦੇ ਹੋਏ ਇਕੱਠਾ ਮੁਆਵਜ਼ਾ ਦੇਣਾ ਭਾਵੇਂ "ਚੰਗਾ ਲੱਗੇ" ਪਰ ਮੁਆਵਜ਼ੇ/ਮੁੜ-ਵਸੇਬੇ ਦੇ ਦੂਸਰੇ ਤਰੀਕੇ ਪ੍ਰਭਾਵਿਤ ਪਰਿਵਾਰਾਂ ਲਈ ਵਧੇਰੇ ਲਾਭਵੰਦ ਸਾਬਤ ਹੋ ਸਕਦੇ ਹਨ। ਮਿਸਾਲ ਦੇ ਤੌਰ ਤੇ, ਕਿਸੇ ਵੱਡੀ ਰਕਮ ਦਾ ਯਕਮੁਸ਼ਤ ਭੁਗਤਾਨ ਆੜ੍ਹਤੀਆਂ/ਸ਼ਾਹੂਕਾਰਾਂ ਨੂੰ ਅਵੱਸ਼ ਆਕਰਸ਼ਿਤ ਕਰੇਗਾ। ਯਕਮੁਸ਼ਤ ਭੁਗਤਾਨ ਕਰਨ ਨਾਲ ਪੈਸਾ ਪ੍ਰਾਪਤਕਰਤਾ ਪਾਸੋਂ ਮਿਲਦਿਆਂ ਹੀ ਖੋਹ ਲਿਆ ਜਾਵੇ, ਦੀ ਸੰਭਾਵਨਾ ਬਹੁਤ ਵਧੇਰੇ ਹੈ - ਇਹ ਉਨ੍ਹਾਂ ਹੀ ਸ਼ਾਹੂਕਾਰਾਂ ਦੁਆਰਾ ਖੋਹ ਲਿਆ ਜਾਵੇਗਾ ਜਿਨ੍ਹਾਂ ਨੇ ਉਸ ਵਿਅਕਤੀ ਨੂੰ ਆਤਮ-ਹੱਤਿਆ ਦਾ ਰਾਹ ਅਪਣਾਉਣ ਲਈ ਮਜਬੂਰ ਕੀਤਾ ਸੀ।

ਜੇਕਰ ਪਾਰਟੀ ਦੇ ਦਿਹਾਤੀ ਆਤਮ-ਹੱਤਿਆਵਾਂ ਸਬੰਧੀ ਰਵੱਈਏ ਕਾਰਣ ਅਕਾਲੀ ਜਾਣਬੁਝ ਕੇ ਅੰਨ੍ਹੇ ਹੋਏ ਵਿਖਾਲੀ ਦੇਂਦੇ ਹਨ, ਤਾਂ ਇਹ ਵੀ ਹੈ ਕਿ ਪੰਜਾਬ ਦੇ ਦਿਹਾਤ ਦੇ ਲੋਕ ਪੰਜਾਬ ਕਾਂਗਰਸ ਪਾਰਟੀ ਨੂੰ "ਹਾਈ ਕਮਾਂਡ" ਦੇ ਬੇਵਸ ਗ਼ੁਲਾਮਾਂ ਵਾਂਗ ਵੇਖਦੇ ਹਨ ਜੋ ਕਿ ਪੂਰਣ ਤੌਰ ਤੇ ਰਾਸ਼ਟਰੀ ਪੱਧਰ ਦੇ ਕਾਰਪੋਰੇਟ ਹਿੱਤਾਂ ਨਾਲ ਓਤਪੋਤ ਹੈ। ਸੰਨ 2006 ਵਿਚ ਆਂਧਰਾ ਪ੍ਰਦੇਸ਼, ਕਰਨਾਟਕਾ, ਕੇਰਲਾ ਅਤੇ ਮਹਾਰਾਸ਼ਟਰ ਵਿਚ ਆਤਮ-ਹੱਤਿਆਵਾਂ ਕਾਰਣ ਪ੍ਰਭਾਵਿਤ ਜ਼ਿਲ੍ਹਿਆਂ ਦੇ ਕਿਸਾਨਾਂ ਲਈ ਪ੍ਰਧਾਨ ਮੰਤਰੀ ਮੁੜ-ਵਸੇਬਾ ਪੈਕੇਜ ਦਿੱਤਾ ਗਿਆ। ਇਸ ਪੈਕੇਜ ਅਧੀਨ, ਆਂਧਰਾ ਪ੍ਰਦੇਸ਼ ਨੂੰ 9,650.55 ਕਰੋੜ ਰੁਪਏ, ਕਰਨਾਟਕਾ ਨੂੰ 2,689.64 ਕਰੋੜ ਰੁਪਏ, ਕੇਰਲਾ ਨੂੰ 765.24 ਕਰੋੜ ਰੁਪਏ ਅਤੇ ਮਹਾਰਾਸ਼ਟਰ ਨੂੰ 3,873.26 ਕਰੋੜ ਰੁਪਏ ਮੁਹੱਈਆ ਕੀਤੇ ਗਏ। ਪੰਜਾਬ ਨੂੰ ਕੁਝ ਵੀ ਨਹੀਂ ਮਿਲਿਆ। ਸਾਲ 2008-09 ਦੇ ਕੇਂਦਰੀ ਬਜਟ ਵਿਚ ਵਿੱਤ ਮੰਤਰੀ ਨੇ ਕਿਸਾਨਾਂ ਦੇ ਬਕਾਇਆ ਕਰਜ਼ੇ ਦੀ 70,000 ਕਰੋੜ ਰੁਪਏ ਦੀ ਵੱਡੀ ਰਕਮ ਨੂੰ ਵੱਟੇ-ਖਾਤੇ ਪਾਉਣ ਦਾ ਐਲਾਨ ਕੀਤਾ। ਇਸ ਵਿਚੋਂ ਪੰਜਾਬ ਦੇ ਹਿੱਸੇ ਸਿਰਫ਼ 1 ਪ੍ਰਤੀਸ਼ਤ ਹੀ ਆਇਆ ਭਾਵੇਂ ਕੇਂਦਰੀ ਅੰਨ ਭੰਡਾਰ ਵਿਚ ਪੰਜਾਬ ਦੁਆਰਾ 50 ਪ੍ਰਤੀਸ਼ਤ ਤੋਂ ਵੀ ਵਧੇਰੇ ਯੋਗਦਾਨ ਪਾਇਆ ਜਾਂਦਾ ਹੈ। ਕੇਂਦਰੀ ਪੈਕੇਜ ਵਿਚ ਪੰਜਾਬ ਲਈ ਮਖ਼ਸੂਸ ਕੀਤੀ ਗਈ 1 ਪ੍ਰਤੀਸ਼ਤ ਰਾਸ਼ੀ ਦਾ ਮਤਲਬ ਸੀ ਪੰਜਾਬ ਵਿਚ ਦਿਹਾਤੀ ਆਤਮ-ਹੱਤਿਆਵਾਂ ਦੀ ਹਕੀਕਤ ਨੂੰ ਛੁਪਾਇਆ ਜਾਣਾ।

ਕੇਂਦਰ ਸਰਕਾਰ ਦੀ ਵਿਚਾਰਧਾਰਾ ਕੁਝ ਇਸ ਤਰ੍ਹਾਂ ਕੰਮ ਕਰਦੀ ਵਿਖਾਈ ਦੇਂਦੀ ਹੈ: ਪੰਜਾਬ ਦੀ ਤਾਂ ਪਰਿਭਾਸ਼ਾ ਹੀ ਹੈ – "ਖੇਤੀਬਾੜੀ ਪੱਖੋਂ ਸਭ ਤੋਂ ਵਧੇਰੇ ਉਨਤੀਸ਼ੀਲ ਪ੍ਰਾਂਤ": ਅਤੇ ਇਸ ਲਈ "ਉਥੇ ਆਤਮ-ਹੱਤਿਆਵਾਂ ਸੰਭਵ ਹੀ ਨਹੀਂ"। ਅਸਲ ਹਾਲਾਤ ਇਹ ਹਨ ਕਿ, ਜਨਸੰਖਿਆ ਦੇ ਮੁਕਾਬਲਤਨ, ਪੰਜਾਬ ਵਿਚ ਦਿਹਾਤੀ ਆਤਮ-ਹੱਤਿਆਵਾਂ ਦੀ ਦਰ ਹੋਰਨਾਂ ਰਾਜਾਂ ਨਾਲੋਂ ਕਿਤੇ ਵੱਧ ਹੈ।

ਕੇਂਦਰ ਅਤੇ ਪੰਜਾਬ ਰਾਜ ਸਰਕਾਰਾਂ ਦੋਹਾਂ ਨੇ ਦਿਹਾਤੀ ਆਤਮ-ਹੱਤਿਆਵਾਂ ਨੂੰ ਛੁਪਾਉਣ ਦਾ ਹਰ ਸੰਭਵ ਹੀਲਾ ਕੀਤਾ। ਇਸ ਗੱਲ ਨੂੰ ਵੀ ਤੂਲ ਦਿੱਤੀ ਗਈ ਕਿ ਆਤਮ-ਹੱਤਿਆਵਾਂ ਸਿਰਫ਼ ਕਿਸਾਨ ਹੀ ਕਰਦੇ ਹਨ। ਜਦ ਕਿ ਅਸਲੀਅਤ ਇਹ ਹੈ ਕਿ ਇਸ ਗੰਭੀਰ ਸਮੱਸਿਆ ਨਾਲ ਪੂਰਾ ਦਿਹਾਤੀ ਖੇਤਰ ਗ੍ਰਸਤ ਹੈ। ਖੇਤ-ਮਜ਼ਦੂਰ, ਪੇਂਡੂ ਕਾਰੀਗਰ ਅਤੇ ਪੇਂਡੂ ਦੁਕਾਨਦਾਰ ਵੀ ਆਤਮ-ਹੱਤਿਆਵਾਂ ਦਾ ਸ਼ਿਕਾਰ ਬਣ ਰਹੇ ਹਨ ਕਿਉਂਕਿ ਹਕੀਕਤ ਵਿਚ ਉਹ ਸਾਰੇ ਹੀ ਪਿੰਡ ਦੇ ਆਰਥਕ ਹਾਲਾਤ ਨਾਲ ਜੁੜੇ ਹੋਏ ਹੁੰਦੇ ਹਨ। ਇਹ ਗੱਲ ਸਿਰਫ਼ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਸਾਰੇ ਰਾਜਾਂ ਦੇ ਦਿਹਾਤੀ ਖੇਤਰਾਂ ਵਿਚ ਢੁੱਕਦੀ ਹੈ।

ਅਤੇ ਸਿਰਫ਼ ਇੰਨਾ ਹੀ ਨਹੀਂ – ਪੰਜਾਬ ਦੇ ਖੇਤੀ ਸਬੰਧੀ ਸੰਕਟ ਦੀ ਪ੍ਰਤੱਖ ਸੱਚਾਈ ਨੂੰ ਅੱਖੋਂ ਪਰੋਖੇ ਕਰਨ ਦੀਆਂ ਸਰਕਾਰ ਦੀਆਂ ਨਾਕਾਮ ਕੋਸ਼ਿਸ਼ਾਂ ਤੋਂ ਹਰ ਪਿੰਡ ਵਾਸੀ ਭਲੀਭਾਂਤੀ ਵਾਕਫ਼ ਹੈ। ਖ਼ਾਲਿਸਤਾਨ ਤੋਂ ਪਹਿਲਾਂ ਹਰਇਕ ਚੀਜ਼ ਲਈ ਨਕਸਲੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਸੀ। ਨਕਸਲੀਆਂ ਨੂੰ ਖ਼ਤਮ ਕਰ ਦਿੱਤਾ ਗਿਆ ਅਤੇ ਜਦੋਂ ਕੋਈ ਮੁਸ਼ਕਲ ਫਿਰ ਉਠ ਖੜੀ ਹੋਈ ਤਾਂ ਉਸ ਦੇ ਲਈ ਖ਼ਾਲਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਹੁਣ ਸਰਕਾਰ ਇਸ ਪਸ਼ੋਪੇਸ਼ ਵਿਚ ਹੈ ਕਿ ਉਹ ਖੇਤੀਬਾੜੀ ਸਬੰਧੀ ਬੇਚੈਨੀ ਨੂੰ ਸਹੀ ਘੋਸ਼ਿਤ ਕਰੇ ਜਾਂ ਇਸਨੂੰ "ਕਲਪਿਤ" ਕਰਾਰ ਦੇਵੇ ਜਾਂ ਇਹ ਕਹੇ ਕਿ ਇਹ ਹੈ ਤਾਂ ਸੱਚੀ ਪਰ ਇਸਦਾ ਖੇਤੀਬਾੜੀ ਨਾਲ ਕੋਈ ਸਬੰਧ ਨਹੀਂ, ਅਤੇ ਕਈ ਦਫ਼ਾ ਸਰਕਾਰ ਇਹ ਘੋਸ਼ਿਤ ਕਰਦੀ ਹੈ ਕਿ ਨਕਸਲੀਏ ਮੁੜ ਤੋਂ ਲਾਮਬੱਧ ਹੋ ਰਹੇ ਹਨ ਅਤੇ ਕਈ ਵਾਰ ਸਰਕਾਰ ਇਹ ਕਹਿੰਦੀ ਹੈ ਕਿ ਖ਼ਾਲਿਸਤਾਨੀ ਮੁੜ ਪਰਤ ਰਹੇ ਹਨ। ਅਤੇ ਇਸ ਸਾਰੇ ਸਮੇਂ ਦੌਰਾਨ, ਪੰਜਾਬ ਦਾ ਪੇਂਡੂ ਤਬਕਾ ਇਹੀ ਕਹਿ ਰਿਹਾ ਹੈ "ਸਾਡੇ ਵਲ ਵੇਖੋ ... ਅਸੀਂ ਸਿਰਫ਼ ਕਿਸਾਨ ਹਾਂ ਅਤੇ ਅਸੀਂ ਕੇਵਲ ਇਹੀ ਚਾਹੁੰਦੇ ਹਾਂ ਕਿ ਸਾਡੇ ਨਾਲ ਇਮਾਨਦਾਰੀ ਵਾਲਾ ਸੁੱਥਰਾ ਵਿਹਾਰ ਕੀਤਾ ਜਾਵੇ।" ਇਹੀ ਪੇਂਡੂ ਪੰਜਾਬ ਦਾ ਬੁਨਿਆਦੀ ਰਾਜਨੀਤਕ ਮੁੱਦਾ ਹੈ ਭਾਵੇਂ ਚੋਣਾਂ ਕੋਈ ਵੀ ਹੋਣੀਆਂ ਹੋਣ।

ਮੁਆਵਜ਼ਾ ਦੇਣ ਦੇ ਸੁਆਲ ਨੂੰ ਹੱਲ ਕਰਨ ਲਈ ਹੀ ਨਹੀਂ ਸਗੋਂ ਆਤਮ-ਹੱਤਿਆਵਾਂ ਦੇ ਗੰਭੀਰ ਵਿਸ਼ੇ ਦਾ ਕੋਈ ਹੱਲ ਢੂੰਢਣ ਲਈ ਇਹ ਕੁਝ ਕੀਤਾ ਜਾਣਾ ਚਾਹੀਦਾ ਹੈ:

ਮੁਆਵਜ਼ੇ ਸਬੰਧੀ, ਇਕ ਲੱਖ ਰੁਪਏ ਦੀ ਬਕਾਇਆ ਰਕਮ ਵਿਚ ਵਿਆਜ ਜੋੜ ਕੇ 1500 ਰੁਪਏ ਪ੍ਰਤੀ ਮਹੀਨੇ ਦੀ ਪੈਨਸ਼ਨ ਤੈਅ ਕੀਤੀ ਜਾਣੀ ਚਾਹੀਦੀ ਹੈ ਜਿਵੇਂ ਕਿ ਪੰਜਾਬ ਫ਼ਾਰਮਰਜ਼ ਕਮਿਸ਼ਨ ਦੁਆਰਾ ਆਪਣੀ ਸਿਫ਼ਾਰਸ਼ ਵਿਚ ਕਿਹਾ ਗਿਆ ਸੀ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਆਵਜ਼ੇ ਲਈ ਪਾਤਰਤਾ ਨਿਰਧਾਰਤ ਕਰਨ ਲਈ ਗ੍ਰਾਮ ਪੰਚਾਇਤਾਂ ਦੁਆਰਾ ਜਾਰੀ ਕੀਤੇ ਗਏ ਹਲਫ਼ਨਾਮੇ, ਜਿਨ੍ਹਾਂ ਵਿਚ ਇਹ ਤਸਦੀਕ ਕੀਤਾ ਗਿਆ ਹੋਵੇ ਕਿ ਅਮੁਕ ਵਿਅਕਤੀ ਨੇ ਕਰਜ਼ੇ ਦੇ ਬੋਝ ਕਾਰਣ ਆਪਣੀ ਜਾਨ ਲਈ, ਨੂੰ ਸਵੀਕਾਰ ਕਰੇ।

ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਆਂਕੜੇ ਮਿਤੀ-ਅੰਤ ਤਕ ਮੁਕੰਮਲ ਕੀਤੇ ਜਾਣੇ ਚਾਹੀਦੇ ਹਨ ਤਾ ਕਿ ਸਤੰਬਰ 2008 ਤੋਂ 2011 ਦੇ ਦੌਰਾਨ ਵਾਪਰੇ ਆਤਮ-ਹੱਤਿਆਵਾਂ ਦੇ ਸਾਰੇ ਕੇਸ ਸ਼ਾਮਲ ਕੀਤੇ ਜਾਣ ਤਾਂ ਜੋ ਆਤਮ-ਹੱਤਿਆਵਾਂ ਸਬੰਧੀ ਡੈਟਾ ਹੋਰਨਾਂ ਜ਼ਿਲ੍ਹਿਆਂ ਦੇ ਬਰਾਬਰ ਲਿਆਂਦਾ ਜਾਵੇ। ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਨੂੰ ਸਾਲ 2008 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪਹਿਲਾਂ ਕਰਵਾਏ ਗਏ ਇਕ ਪਾਇਲਟ ਅਧਿਐਨ ਵਿਚ ਕਵਰ ਕੀਤਾ ਗਿਆ ਸੀ।

ਖ਼ੁਦਕੁਸ਼ੀਆਂ ਦੇ ਆਂਕੜਿਆਂ ਸਬੰਧੀ ਵਿਵਾਦ ਨੂੰ ਹੇਠ ਦਿੱਤੇ ਦੋ ਸਾਧਾਰਨ ਤਰੀਕਿਆਂ ਨਾਲ ਪੂਰਨ ਤੌਰ ਤੇ ਖ਼ਤਮ ਕੀਤਾ ਜਾ ਸਕਦਾ ਹੈ:

ਸਭ ਤੋਂ ਪਹਿਲਾਂ ਆਤਮ-ਹੱਤਿਆ ਨੂੰ ਗ਼ੈਰ-ਅਪਰਾਧਕ ਐਲਾਨ ਕੀਤਾ ਜਾਵੇ: ਪਰਿਵਾਰ ਦੇ ਕਿਸੇ ਮੈਂਬਰ ਦੁਆਰਾ ਆਤਮ-ਹੱਤਿਆ ਕਾਰਨ ਹੋਈ ਮੌਤ ਨੂੰ ਸਵੀਕਾਰ ਕਰਨ ਲਈ ਪਰਿਵਾਰਾਂ ਵਿਚ ਕਿਸੇ ਕਿਸਮ ਦਾ ਭੈਅ ਨਾ ਹੋਵੇ। ਇਸ ਨਾਲ ਪੁਲਿਸ ਦੁਆਰਾ, ਪਹਿਲਾਂ ਹੀ ਤ੍ਰਾਸਦੀ ਦੇ ਮਾਰੇ ਪਰਿਵਾਰਾਂ ਦਾ ਸੋਸ਼ਨ ਕਰਨ ਦਾ ਲਾਲਚ ਵੀ ਦੂਰ ਹੋ ਜਾਵੇਗਾ।

ਦੂਸਰਾ ਇਹ ਕਿ, ਮੌਤ ਦੇ ਰਜਿਸਟਰ ਵਿਚ, 'ਮੌਤ ਦਾ ਕਾਰਣ' ਇੰਦਰਾਜ਼ ਮੁੜ-ਬਹਾਲ ਕੀਤਾ ਜਾਵੇ। ਇਹ ਰਜਿਸਟਰ ਪਿੰਡ ਦੇ ਚੌਕੀਦਾਰ ਦੁਆਰਾ ਰਖਿਆ ਜਾਂਦਾ ਹੈ ਅਤੇ ਇਨ੍ਹਾਂ ਵਿਚਲੇ ਇੰਦਰਾਜ਼ਾਂ ਨੂੰ ਕਾਨੂੰਨੀ ਸ਼ਹਾਦਤ ਦੇ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ। ਇਸ ਇੰਦਰਾਜ਼ ਨੂੰ ਬਹਾਲ ਕਰਨ ਨਾਲ ਨਾ ਕੇਵਲ ਦਿਹਾਤੀ ਆਤਮ-ਹੱਤਿਆਵਾਂ ਸਬੰਧੀ ਪਰ ਹੋਰਨਾਂ ਕਾਰਣਾਂ ਕਰਕੇ ਹੋਈ ਮੌਤ ਸਬੰਧੀ ਸੂਚਨਾ ਵੀ ਮਿਤੀ-ਅੰਤ ਤਕ ਮੁਕੰਮਲ ਮਿਲ ਸਕੇਗੀ। ਦਰਅਸਲ, ਇਨ੍ਹਾਂ ਰਜਿਸਟਰਾਂ ਵਿਚਲੇ ਇੰਦਰਾਜ਼ਾਂ ਦਾ ਜ਼ਿਲ੍ਹਾ ਪੱਧਰ ਤੇ ਕੰਪਯੂਟ੍ਰੀਕਰਨ ਕੀਤਾ ਜਾਣਾ ਚਾਹੀਦਾ ਹੈ।

ਸਰਕਾਰੀ ਕਰਮਚਾਰੀਆਂ ਨੂੰ ਇਸ ਗੱਲ ਦਾ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਬਿਰਧਾਂ, ਵਿਧਵਾਵਾਂ, ਨਿਆਸਰੇ ਬੱਚਿਆਂ ਅਤੇ ਅਪੰਗ ਵਿਅਕਤੀਆਂ ਨੂੰ ਸਰਕਾਰ ਦੁਆਰਾ ਦਿਤੀਆਂ ਜਾਂਦੀਆਂ ਪੈਨਸ਼ਨਾਂ ਪਾਤਰ ਵਿਅਕਤੀਆਂ ਨੂੰ ਮਿਲਣ।[1] ਆਤਮ-ਹੱਤਿਆ ਦੇ ਸ਼ਿਕਾਰ ਵਿਅਕਤੀਆਂ ਦੇ ਪਰਿਵਾਰ ਦੇ ਮੈਂਬਰ ਤਕਰੀਬਨ ਸਾਰੇ ਕੇਸਿਜ਼ ਵਿਚ, ਗ਼ਰੀਬ, ਸਰੀਰਕ ਤੌਰ ਤੇ ਬਿਮਾਰ, ਅਨਪੜ੍ਹ ਹੁੰਦੇ ਹਨ ਅਤੇ ਇਸ ਵਜ੍ਹਾ ਕਰਕੇ ਉਹ ਸਰਕਾਰੀ ਕਾਰਵਾਈ ਨਾਲ ਨਜਿੱਠਣ ਦੇ ਯੋਗ ਨਹੀਂ ਹੁੰਦੇ। ਇਸ ਸਮੇਂ ਅਜਿਹੀਆਂ ਪੈਨਸ਼ਨਾਂ ਪਾਤਰ ਵਿਅਕਤੀਆਂ ਦੀ

[1] ਪੰਜਾਬ ਸਰਕਾਰ ਦੁਆਰਾ ਅਜਿਹੀਆਂ ਸ਼੍ਰੇਣੀਆਂ ਨੂੰ ਦਿੱਤੀ ਜਾਂਦੀ ਪੈਨਸ਼ਨ ਹੈ 250 ਰੁਪਏ ਪ੍ਰਤੀ ਮਾਹ - ਯਾਨੀ 8.33 ਰੁਪਏ ਪ੍ਰਤੀ ਦਿਨ। ਹਰਿਆਣਾ ਸਰਕਾਰ ਦੁਆਰਾ ਨਿਆਸਰਿਆਂ, ਵਿਧਵਾਵਾਂ ਅਤੇ ਬਿਰਧਾਂ ਲਈ ਦਿਤੀ ਜਾਂਦੀ ਪੈਨਸ਼ਨ 750 ਰੁਪਏ ਪ੍ਰਤੀ ਮਹੀਨਾ ਹੈ। ਹਰਿਆਣਾ ਦੀਆਂ ਦੂਸਰੀਆਂ ਸਮਾਜ ਭਲਾਈ ਪੈਨਸ਼ਨਾਂ 500 ਰੁਪਏ ਪ੍ਰਤੀ ਮਹੀਨਾ ਹਨ।

ਕੁਲ ਗਿਣਤੀ ਦੇ 30% ਤੋਂ ਵੱਧ ਨਹੀਂ ਹਨ। ਨਾ ਹੀ ਪੈਨਸ਼ਨ ਦੀ ਰਕਮ ਨਿਯਮਿਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਦਸੰਬਰ, 2012 ਦੀਆਂ ਪੈਨਸ਼ਨਾਂ ਜੂਨ, 2013 ਵਿਚ ਦਿੱਤੀਆਂ ਗਈਆਂ ਹਨ।

ਤਿੰਨ ਮਹੀਨਿਆਂ ਤੋਂ ਵਧੇਰੇ ਦੇਰੀ ਦੇ ਕੇਸ ਵਿਚ ਮੁਆਵਜ਼ਾ ਰਕਮ ਦਿੱਤੀ ਜਾਣੀ ਚਾਹੀਦੀ ਹੈ। ਹਰਿਆਣਾ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਅਜਿਹੀਆਂ ਪੈਨਸ਼ਨਾਂ ਪੰਜਾਬ ਨਾਲੋਂ ਤਕਰੀਬਨ ਤਿੰਨ ਗੁਣਾ ਵੱਧ ਹਨ। ਪੈਨਸ਼ਨ ਦੀ ਰਕਮ ਘੱਟੋ-ਘੱਟ 1000 ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਤਮ-ਹੱਤਿਆਵਾਂ ਸਬੰਧੀ ਸਰਵੇਖਣ ਦੀ ਰਿਪੋਰਟ ਦਾ ਨਿਚੋੜ ਕੇਂਦਰ ਸਰਕਾਰ ਨੂੰ ਭੇਜੇ ਤਾਂ ਜੋ ਕੇਂਦਰੀ ਰਾਹਤ ਪੈਕੇਜ ਪੰਜਾਬ ਦੇ ਕਿਸਾਨਾਂ ਨੂੰ ਵੀ ਮਿਲ ਸਕੇ। ਉਨ੍ਹਾਂ ਨੂੰ ਪਹਿਲੇ ਪੈਕੇਜ ਤੋਂ ਵਾਂਝਿਆਂ ਰਖਿਆ ਗਿਆ ਸੀ। ਪੰਜਾਬ ਨੂੰ ਉਨ੍ਹਾਂ ਹੀ ਸ਼ਰਤਾਂ ਤੇ ਆਤਮ-ਹੱਤਿਆਵਾਂ ਦੁਆਰਾ ਪ੍ਰਭਾਵਤ ਰਾਜ ਘੋਸ਼ਤ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਹੋਰਾਂ ਰਾਜਾਂ ਨੂੰ ਕੀਤਾ ਗਿਆ ਹੈ।

ਲੇਖਕ ਸਾਬਕਾ ਪੰਜਾਬ ਵਿਧਾਇਕ ਅਤੇ ਮਨੁੱਖੀ ਅਧਿਕਾਰ ਕਾਰਜਕਰਤਾ ਹੈ।